**Baba Farid University of Health Sciences**
Sadiq Road Faridkot – 151203 (Pb) India
Phone: 01639-256232, 256236
Fax: 01639-256234
Web: www.bfuhs.ac.in
E-mail:generalinfo@bfuhs.ac.in

No. 08-BFUHS/Estt.III/2018/ 14754 Date: 11/5/18

<u>ਦਫ਼ਤਰੀ ਹੁਕਮ</u>

ਸ੍ਰੀਮਤੀ ਦਲਜੀਤ ਕੌਰ (ਪੁੱਤਰੀ ਸ੍ਰੀ ਸੁਖਵਿੰਦਰ ਸਿੰਘ), ਸਟਾਫ਼ ਨਰਸ (ਰੈਗੂਲਰ) ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫ਼ਰੀਦਕੋਟ ਮਿਤੀ 05.12.2014 ਤੋਂ 28.02.2015 ਤੱਕ ਬਿਨਾਂ ਤਨਖ਼ਾਹ ਛੁੱਟੀ 'ਤੇ ਸੀ ਪਰੰਤੂ ਮਿਤੀ 01.03.2015 ਨੂੰ ਉਹ ਡਿਊਟੀ 'ਤੇ ਹਾਜ਼ਰ ਨਹੀਂ ਹੋਏ ਅਤੇ ਮਿਤੀ 01.03.2015 ਤੋਂ ਲਗਾਤਾਰ ਡਿਊਟੀ ਤੋਂ ਗੈਰਹਾਜ਼ਰ ਚੱਲ ਰਹੇ ਹਨ। ਇਸ ਲਈ ਉਹਨਾਂ ਨੂੰ ਦੋ ਵਾਰ ਪੱਤਰ ਨੰ: ਅ-3/34/15/3356, 4092 ਮਿਤੀ 13.03.2015, 27.03.2015 ਰਾਹੀਂ ਡਿਊਟੀ 'ਤੇ ਹਾਜ਼ਰ ਹੋਣ ਦੀ ਹਦਾਇਤ ਕੀਤੀ ਗਈ ਸੀ।

ਪਰੰਤੂ ਉਹਨਾਂ ਵੱਲੋਂ ਮਿਤੀ 07.04.2015 ਨੂੰ ਡਾਕ ਰਾਹੀਂ ਬੇਟੇ ਦੇ ਬਿਮਾਰੀ ਕਾਰਨ ਬਣਦੀ ਛੁੱਟੀ ਦੇਣ ਲਈ ਪ੍ਰਤੀ ਬੇਨਤੀ ਪ੍ਰਾਪਤ ਹੋਈ ਸੀ ਜਿਸ ਵਿੱਚ ਕੋਈ ਸਮਾਂ ਅਵਧੀ ਦਾ ਵੇਰਵਾ ਨਹੀਂ ਦਿੱਤਾ ਗਿਆ ਸੀ ਅਤੇ ਇਸ ਸੰਬੰਧ ਵਿੱਚ ਪੱਤਰ ਨੰ: ਅ-3/34/15/4827 ਮਿਤੀ 15.04.2015 ਰਾਹੀਂ ਉਹਨਾਂ ਨੂੰ ਹਾਜ਼ਰ ਹੋਣ ਲਈ ਤੇ ਗੈਰਹਾਜ਼ਰੀ ਸੰਬੰਧੀ ਲਿਖਤੀ ਰੂਪ ਵਿੱਚ ਸਪੱਸ਼ਟੀਕਰਨ ਪੇਸ਼ ਕਰਨ ਲਈ ਕਿਹਾ ਗਿਆ ਸੀ ਪਰੰਤੂ ਇਹ ਪੱਤਰ ਮੁੜਦੀ ਡਾਕ ਰਾਹੀਂ "ਇਹ ਔਰਤ ਵਿਦੇਸ਼ ਚਲੀ ਗਈ ਹੈ" ਟਿੱਪਣੀ ਸਹਿਤ ਪ੍ਰਾਪਤ ਹੋਇਆ ਸੀ ਅਤੇ ਇੱਕ ਹੋਰ ਮੌਕਾ ਦਿੰਦੇ ਹੋਏ ਉਹਨਾਂ ਨੂੰ ਪੱਤਰ ਨੰ: ਅ-3/34/15/6238 A ਮਿਤੀ 14.05.2015 ਰਾਹੀਂ ਆਪਣੀ ਡਿਊਟੀ 'ਤੇ ਹਾਜ਼ਰ ਹੋਣ ਤੇ ਗੈਰਹਾਜ਼ਰੀ ਸੰਬੰਧੀ ਲਿਖਤ ਸਪੱਸ਼ਟੀਕਰਨ ਪੇਸ਼ ਕਰਨ ਦੀ ਹਦਾਇਤ ਕੀਤੀ ਗਈ ਸੀ।

ਆਖ਼ਰੀ ਵਾਰ ਯੂਨੀਵਰਸਿਟੀ ਦੇ ਪੱਤਰ ਨੰ: 7217 ਮਿਤੀ 09.04.2018 ਰਾਹੀਂ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਪੱਤਰ ਨੰ: 2/1/2017-3 ਐੱਫ.ਪੀ.2/189-192 ਮਿਤੀ 12.05.2017 (ਹੇਠਾਂ ਦਰਜ) ਤੋਂ ਜਾਣੂ ਕਰਵਾਇਆ ਗਿਆ ਅਤੇ ਉਹਨਾਂ ਨੂੰ 15 ਦਿਨਾਂ ਦੇ ਅੰਦਰ-ਅੰਦਰ ਯੂਨੀਵਰਸਿਟੀ ਵਿਖੇ ਹਾਜ਼ਰ ਹੋ ਕੇ ਆਪਣਾ ਪੱਖ ਰੱਖਣ ਲਈ ਕਿਹਾ ਗਿਆ ਪਰੰਤੂ ਉਹਨਾਂ ਵੱਲੋਂ ਇਸ ਪੱਤਰ ਨੂੰ ਅਣਗੌਲਿਆ ਕਰਦੇ ਹੋਏ ਨਾ ਤਾਂ 15 ਦਿਨਾਂ ਦੇ ਅੰਦਰ-ਅੰਦਰ ਹਾਜ਼ਰ ਹੋ ਕੇ ਆਪਣੀ ਡਿਊਟੀ ਮੁੜ ਜੁਆਇਨ ਕਰਨ ਦੀ ਇੱਛਾ ਨਹੀਂ ਜਤਾਈ ਤੇ ਨਾ ਹੀ ਕੋਈ ਲਿਖਤੀ ਜਵਾਬ ਇਸ ਦਫ਼ਤਰ ਨੂੰ ਭੇਜਿਆ ਗਿਆ ਪਰ ਇਹ ਪੱਤਰ ਮਿਤੀ 09.04.2018 ਇਸ ਟਿੱਪਣੀ ਸਹਿਤ ਮੁੜ ਇਸ ਦਫ਼ਤਰ ਨੂੰ ਪ੍ਰਾਪਤ ਹੋਇਆ ਕਿ "ਪ੍ਰਾਪਤ ਕਰਤਾ ਇਸ ਪਤੇ (ਫ਼ਰੀਦਕੋਟ ਰੋਡ, ਨੇੜੇ ਬੀ.ਡੀ.ਪੀ.ਓ. ਦਫ਼ਤਰ, ਮੰਡੀ ਗੁਰੂ ਹਰਸਹਾਇ, ਜ਼ਿਲ੍ਹਾ-ਫਿਰੋਜ਼ਪੁਰ) 'ਤੇ ਨਹੀਂ ਹੈ, ਬਾਹਰ ਗਈ ਹੈ

> *"ਪੰਜਾਬ ਸਰਕਾਰ ਵੱਲੋਂ ਜਾਰੀ ਉਕਤ ਪੱਤਰ ਅਨੁਸਾਰ **Deemed Resignation**" ਦੇ ਤਹਿਤ ਜੇਕਰ ਕੋਈ ਅਧਿਕਾਰੀ / ਕਰਮਚਾਰੀ ਬਿਨਾਂ ਪਹਿਲਾਂ ਛੁੱਟੀ ਮਨਜ਼ੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਰਹਿੰਦਾ ਹੈ ਅਤੇ ਇਹ ਗੈਰ ਹਾਜ਼ਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਜਾਂਦਾ ਹੈ ਤਾਂ ਉਸ ਵੱਲੋਂ ਸਰਕਾਰੀ ਸਰਵਿਸ ਤੋਂ ਅਸਤੀਫ਼ਾ ਦਿੱਤਾ ਗਿਆ ਸਮਝਿਆ ਜਾਵੇਗਾ ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ **Deemed Resignation** ਮੰਨਿਆ ਜਾਵੇਗਾ। ਇਹ ਸਮਾਂ ਮੁਕੰਮਲ ਹੋਣ 'ਤੇ ਉਸਨੂੰ ਸਰਕਾਰੀ ਸਰਵਿਸ ਵਿੱਚ ਮੁੜ ਜੁਆਇਨ ਨਹੀਂ ਕਰਵਾਇਆ ਜਾਵੇਗਾ"*

ਪੰਜਾਬ ਸਰਕਾਰ ਦੇ ਉਕਤ ਪੱਤਰ ਨੰ: 2/1/2017-3 ਐੱਫ.ਪੀ.2/189-192 ਮਿਤੀ 12.05.2017 ਦੀ ਰੌਸ਼ਨੀ ਵਿੱਚ, ਲੋਕ ਹਿੱਤ ਤੇ ਖ਼ਾਸਕਰ ਮਰੀਜ਼ਾਂ ਦੇ ਹਿੱਤ ਵਿੱਚ ਇਸ ਕਰਮਚਾਰੀ ਦਾ ਸਰਕਾਰੀ ਸਰਵਿਸ (ਯੂਨੀਵਰਸਿਟੀ ਸਰਵਿਸ) ਤੋਂ ਅਸਤੀਫ਼ਾ ਦਿੱਤਾ ਗਿਆ ਸਮਝਿਆ ਜਾਂਦਾ ਹੈ (*Deemed Resignation*) ਕਿਉਂਕਿ ਉਕਤ ਕਰਮਚਾਰੀ ਨੂੰ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਹੋਏ ਨੂੰ ਤਿੰਨ(3) ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਇਸ ਲਈ ਕਰਮਚਾਰੀ ਵੱਲੋਂ ਕਾਬਜ਼ ਆਸਾਮੀ ਨੂੰ ਖਾਲੀ ਘੋਸ਼ਿਤ ਕੀਤਾ ਜਾਂਦਾ ਹੈ ਅਤੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਵਿਖੇ ਕਰਮਚਾਰੀ ਦੀਆਂ ਰੈਗੂਲਰ ਸੇਵਾਵਾਂ ਮਿਤੀ 28.02.2015 ਬਾਅਦ ਦੁਪਹਿਰ ਤੋਂ ਸਮਾਪਤ ਕੀਤੀਆਂ ਜਾਂਦੀਆਂ ਹਨ।

ਰਜਿਸਟਰਾਰ

**Baba Farid University of Health Sciences**
Sadiq Road Faridkot – 151203 (Pb) India
Phone: 01639-256232, 256236
Fax: 01639-256234
Web: www.bfuhs.ac.in
E-mail:generalinfo@bfuhs.ac.in

No. 08-BFUHS/Estt.III/2018/ 15756 Date: 11/7/18

<u>ਦਫ਼ਤਰੀ ਹੁਕਮ</u>

ਸ੍ਰੀਮਤੀ ਪਰਵੀਨ ਕੌਰ (ਪੁੱਤਰੀ ਸ੍ਰੀ ਬਲਦੇਵ ਸਿੰਘ), ਸਟਾਫ ਨਰਸ (ਰੈਗੂਲਰ), ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫ਼ਰੀਦਕੋਟ ਮਿਤੀ 12.06.2015 ਤੋਂ 12.07.2015 ਤੱਕ ਕਮਾਈ ਛੁੱਟੀ 'ਤੇ ਸੀ ਪਰੰਤੂ ਉਹ ਮਿਤੀ 13.07.2015 ਨੂੰ ਆਪਣੀ ਡਿਊਟੀ 'ਤੇ ਹਾਜ਼ਰ ਨਹੀਂ ਹੋਏ ਅਤੇ ਮਿਤੀ 13.07.2015 ਤੋਂ ਲਗਾਤਾਰ ਆਪਣੀ ਡਿਊਟੀ ਤੋਂ ਗੈਰਹਾਜ਼ਰ ਚੱਲ ਰਹੇ ਹਨ ਅਤੇ ਉਹਨਾਂ ਵੱਲੋਂ ਨਾ ਹੀ ਕੋਈ ਛੁੱਟੀ ਜਾਂ ਛੁੱਟੀ ਦੀ ਸੂਚਨਾ ਲਿਖਤ ਰੂਪ ਵਿੱਚ ਪ੍ਰਾਪਤ ਹੋਣ 'ਤੇ ਉਹਨਾਂ ਨੂੰ ਮੈਡੀਕਲ ਸੁਪਰਡੈਂਟ ਦਫ਼ਤਰ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫ਼ਰੀਦਕੋਟ ਵੱਲੋਂ ਪੰਜ ਵਾਰ ਪੱਤਰ ਅ-3/143/15/9526, 10732, ਮਿਤੀ 23.07.2015, 20.08.2015 ਰਾਹੀਂ ਉਹਨਾ ਨੂੰ ਹਾਜ਼ਰ ਹੋਣ/ ਹਾਜ਼ਰੀ ਰਿਪੋਰਟ ਪੇਸ਼ ਕਰਨ / ਗੈਰ ਹਾਜ਼ਰੀ ਸੰਬੰਧੀ ਲਿਖਤ ਸਪੱਸ਼ਟੀਕਰਨ ਪੇਸ਼ ਕਰਨ ਦੀ ਹਦਾਇਤ ਕੀਤੀ ਗਈ ਸੀ ਪਰੰਤੂ ਇਹ ਪੱਤਰ (ਨੰ: 10732 ਮਿਤੀ 20.08.2015) ਮੁੜਦੀ ਡਾਕ ਰਾਹੀਂ "No such lady on the address" ਟਿੱਪਣੀ ਸਹਿਤ ਮੈਡੀਕਲ ਸੁਪਰਡੈਂਟ ਦਫ਼ਤਰ, ਗਗਸ ਮੈਡੀਕਲ ਹਪਸਤਾਲ ਨੂੰ ਪ੍ਰਾਪਤ ਹੋਇਆ ਅਤੇ ਪੱਤਰ ਨੰ: 12465, 14559, 5384 ਮਿਤੀ 06.10.2015, 01.12.2015, 25.04.2016 ਰਾਹੀਂ ਉਹਨਾ ਨੂੰ ਹਾਜ਼ਰ ਹੋਣ/ ਹਾਜ਼ਰੀ ਰਿਪੋਰਟ ਪੇਸ਼ ਕਰਨ / ਗੈਰ ਹਾਜ਼ਰੀ ਸੰਬੰਧੀ ਲਿਖਤ ਸਪੱਸ਼ਟੀਕਰਨ ਪੇਸ਼ ਕਰਨ ਦੀ ਹਦਾਇਤ ਕੀਤੀ ਗਈ ਸੀ।

ਆਖ਼ਰੀ ਵਾਰ ਯੂਨੀਵਰਸਿਟੀ ਦੇ ਪੱਤਰ ਨੰ:7225 ਮਿਤੀ 09.04.2018 ਰਾਹੀਂ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਪੱਤਰ ਨੰ: 2/1/2017-3 ਐਫ.ਪੀ.2/189-192 ਮਿਤੀ 12.05.2017 (ਹੇਠਾਂ ਦਰਜ) ਤੋਂ ਜਾਣੂ ਕਰਵਾਇਆ ਗਿਆ ਅਤੇ ਉਹਨਾਂ ਨੂੰ 15 ਦਿਨਾਂ ਦੇ ਅੰਦਰ-ਅੰਦਰ ਯੂਨੀਵਰਸਿਟੀ ਵਿਖੇ ਹਾਜ਼ਰ ਹੋ ਕੇ ਆਪਣਾ ਪੱਖ ਰੱਖਣ ਲਈ ਕਿਹਾ ਗਿਆ ਪਰੰਤੂ ਉਹਨਾਂ ਵੱਲੋਂ ਇਸ ਪੱਤਰ ਨੂੰ ਅਣਗੋਲਿਆ ਕਰਦੇ ਹੋਏ ਨਾ ਤਾਂ 15 ਦਿਨਾਂ ਦੇ ਅੰਦਰ-ਅੰਦਰ ਹਾਜ਼ਰ ਹੋ ਕੇ ਆਪਣੀ ਡਿਊਟੀ ਮੁੜ ਜੁਆਇਨ ਕਰਨ ਦੀ ਇੱਛਾ ਨਹੀਂ ਜਤਾਈ ਤੇ ਨਾ ਹੀ ਕੋਈ ਲਿਖਤੀ ਜਵਾਬ ਇਸ ਦਫ਼ਤਰ ਨੂੰ ਭੇਜਿਆ ਗਿਆ ਪਰ ਇਹ ਪੱਤਰ ਮਿਤੀ 09.04.2018 ਇਸ ਟਿੱਪਣੀ ਸਹਿਤ ਮੁੜ ਇਸ ਦਫ਼ਤਰ ਨੂੰ ਪ੍ਰਾਪਤ ਹੋਇਆ ਕਿ "No such lady at this address" (ਪਿੰਡ ਮਹਿਰਾਜ, ਪੱਤੀ ਸੋਲ, ਤਹਿਸੀਲ-ਫੂਲ, ਜ਼ਿਲ੍ਹਾ-ਬਠਿੰਡਾ)।

> *"ਪੰਜਾਬ ਸਰਕਾਰ ਵੱਲੋਂ ਜਾਰੀ ਉਕਤ ਪੱਤਰ ਅਨੁਸਾਰ **Deemed Resignation**" ਦੇ ਤਹਿਤ ਜੇਕਰ ਕੋਈ ਅਧਿਕਾਰੀ / ਕਰਮਚਾਰੀ ਬਿਨਾਂ ਪਹਿਲਾਂ ਛੁੱਟੀ ਮਨਜ਼ੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਰਹਿੰਦਾ ਹੈ ਅਤੇ ਇਹ ਗੈਰ ਹਾਜ਼ਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਜਾਂਦਾ ਹੈ ਤਾਂ ਉਸ ਵੱਲੋਂ ਸਰਕਾਰੀ ਸਰਵਿਸ ਤੋਂ ਅਸਤੀਫਾ ਦਿੱਤਾ ਗਿਆ ਸਮਝਿਆ ਜਾਵੇਗਾ ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ **Deemed Resignation** ਮੰਨਿਆ ਜਾਵੇਗਾ। ਇਹ ਸਮਾਂ ਮੁਕੰਮਲ ਹੋਣ 'ਤੇ ਉਸਨੂੰ ਸਰਕਾਰੀ ਸਰਵਿਸ ਵਿੱਚ ਮੁੜ ਜੁਆਇਨ ਨਹੀਂ ਕਰਵਾਇਆ ਜਾਵੇਗਾ"*

ਪੰਜਾਬ ਸਰਕਾਰ ਦੇ ਉਕਤ ਪੱਤਰ ਨੰ: 2/1/2017-3 ਐਫ.ਪੀ.2/189-192 ਮਿਤੀ 12.05.2017 ਦੀ ਰੌਸ਼ਨੀ ਵਿੱਚ, ਲੋਕ ਹਿੱਤ ਤੇ ਖ਼ਾਸਕਰ ਮਰੀਜ਼ਾਂ ਦੇ ਹਿੱਤ ਵਿੱਚ ਇਸ ਕਰਮਚਾਰੀ ਦਾ ਸਰਕਾਰੀ ਸਰਵਿਸ (ਯੂਨੀਵਰਸਿਟੀ ਸਰਵਿਸ) ਤੋਂ ਅਸਤੀਫਾ ਦਿੱਤਾ ਗਿਆ ਸਮਝਿਆ ਜਾਂਦਾ ਹੈ (*Deemed Resignation*) ਕਿਉਂਕਿ ਉਕਤ ਕਰਮਚਾਰੀ ਨੂੰ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਹੋਏ ਨੂੰ ਦੋ (2) ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਇਸ ਲਈ ਕਰਮਚਾਰੀ ਵੱਲੋਂ ਕਾਬਜ਼ ਆਸਾਮੀ ਨੂੰ ਖਾਲੀ ਘੋਸ਼ਿਤ ਕੀਤਾ ਜਾਂਦਾ ਹੈ ਅਤੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਵਿਖੇ ਕਰਮਚਾਰੀ ਦੀਆਂ ਰੈਗੂਲਰ ਸੇਵਾਵਾਂ ਮਿਤੀ 12.07.2015 ਬਾਅਦ ਦੁਪਹਿਰ ਤੋਂ ਸਮਾਪਤ ਕੀਤੀਆਂ ਜਾਂਦੀਆਂ ਹਨ।

(signature)
ਰਜਿਸਟਰਾਰ